ਸਕਿਰ੍ਆ ਬੰਦੂਕਧਾਰੀ

ਪਰ੍ਤੀਕਿਰਿਆ ਕਰਨ ਦਾ ਤਰੀਕਾ

ਐਮਰਜੈਂਸੀ ਨੰਬਰ

ਐਮਰਜੈਂਸੀ ਸੇਵਾਵਾਂ: 9 -1 -1

ਸਥਾਨਕ ਐਮਰਜੈਂਸੀ ਜਾਣਕਾਰੀ ਲਾਈਨ: _____

ਸਥਾਨਕ ਪੁਲਸ ਮਹਿਕਮਾ: _____

ਸਥਾਨਕ ਅੱਗ ਬੁਝਾਊ ਮਹਿਕਮਾ: _____

ਸਥਾਨਕ ਹਸਪਤਾਲ: _____

ਸਥਾਨਕ ਐੱਫ.ਬੀ.ਆਈ. (FBI) ਫੀਲਡ ਦਫਤਰ: _____

ਪਰਿਸਰ ਦੀ ਸੁਰੱਖਿਆ: _____

ਪਰਿਸਰ ਦਾ ਪਤਾ: _____

_____

_____

_____

ਮੰਜਿਲ: _____ ਸੁਈਟ/ਕਮਰਾ: _____

ਦਫਤਰ #: _____ ਐਕਸ. _____

ਸਕਿਰ੍ਆ ਬੰਦੂਕਧਾਰੀ ਦਾ ਪਰੋਫ਼ਾਈਲ

ਸਕਿਰ੍ਆ ਬੰਦੂਕਧਾਰੀ ਅਜਿਹਾ ਵਿਅਕਤੀ ਹੁੰਦਾ ਹੈ ਜੋ ਕਿਸੇ ਸੀਮਿਤ ਅਤੇ ਆਬਾਦੀ ਵਾਲੇ ਖੇਤਰ 'ਚ ਲੋਕਾਂ ਨੂੰ ਮਾਰਨ ਜਾਂ ਉਨਹ੍ਾਂਨੂੰ ਮਾਰਨ ਦੀ ਕੋਸਿਸ ਕਰਨ 'ਚ ਸਾਮਲ ਹੁੰਦਾ ਹੈ; ਜਿਆਦਾਤਰ ਮਾਮਲਿਆਂ 'ਚ, ਸਕਿਰ੍ਆ ਬੰਦੂਕਧਾਰੀ ਬੰਦੂਕ(ਬੰਦੂਕਾਂ) ਦੀ ਵਰਤੋਂ ਕਰਦੇ ਹਨ ਅਤੇ ਉਨਹ੍ਾਂ ਵੱਲੋਂ ਆਪਣੇ ਸਿਕਾਰਾਂ ਦੀ ਚੋਣ ਦਾ ਕੋਈ ਦਸਤੂਰ ਜਾਂ ਤਰੀਕਾ ਨਹੀ ਹੁੰਦਾ।

ਸਕਿਰ੍ਆ ਬੰਦੂਕਧਾਰੀਆਂ ਵਾਲੇ ਹਾਲਾਤ ਦਾ ਅੰਦਾਜਾ ਨਹੀ ਲਗਾਇਆ ਜਾ ਸਕਦਾ ਅਤੇ ਅਜਿਹੇ ਹਾਲਾਤ ਤੇਜ਼ੀ ਨਾਲ ਪੈਦਾ ਹੁੰਦੇ ਹਨ। ਆਮਤੌਰ 'ਤੇ, ਗੋਲੀਬਾਰੀ ਨੂੰ ਰੋਕਣ ਅਤੇ ਪੀੜ੍ਹਿਤਾਂ ਨੂੰ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਲਈ ਕਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਫ਼ੌਰੀ ਤੌਰ 'ਤੇ ਤੈਨਾਤੀ ਦੀ ਲੋੜ ਹੁੰਦੀ ਹੈ।

ਕਿਉਂਕਿ ਸਕਿਰ੍ਆ ਬੰਦੂਕਧਾਰੀਆਂ ਵਾਲੇ ਹਾਲਾਤ ਅਕਸਰ 10 ਤੋਂ 15 ਮਿੰਟਾਂ ਦੇ ਅੰਦਰ ਖਤਮ ਹੋ ਜਾਂਦੇ ਹਨ, ਇਸਤੋਂ ਪਹਿਲਾਂ ਕਿ ਕਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਉਸ ਥਾਂ 'ਤੇ ਪਹੁੰਚਣ, ਲੋਕਾਂ ਨੂੰ ਕਿਸੇ ਵੀ ਸਕਿਰ੍ਆ ਬੰਦੂਕਧਾਰੀ ਵਾਲੀ ਸਥਿਤੀ ਦਾ ਸਾਮਹ੍ਣਾ ਕਰਨ ਲਈ ਮਾਨਸਿਕ ਅਤੇ ਸਰੀਰਕ ਤੌਰ 'ਤੇ ਤਿਆਰ ਰਹਿਣਾ ਚਾਹੀਦਾ ਹੈ।

ਸਕਿਰ੍ਆ ਬੰਦੂਕਧਾਰੀ ਵਾਲੀ ਸਥਿਤੀ ਦਾ ਸਾਮਹ੍ਣਾ ਕਰਨ ਲਈ ਚੰਗੇ ਅਮਲ

- ਆਪਣੇ ਮਾਹੌਲ ਅਤੇ ਕਿਸੇ ਵੀ ਸੰਭਾਵੀ ਖਤਰੇ ਬਾਰੇ ਸਚੇਤ ਰਹੋ
- ਤੁਸੀਂ ਜਿਸ ਕਿਸੇ ਵੀ ਪਰਿਸਰ 'ਚ ਜਾਂਦੇ ਹੋ ਉੱਥੋਂ ਬਾਹਰ ਨਿਕਲਣ ਦੇ ਸਭ ਤੋਂ ਨੇੜਲੇ ਰਸਤਿਆਂ ਨੂੰ ਧਿਆਨ 'ਚ ਰੱਖੋ
- ਜੇਕਰ ਤੁਸੀਂ ਦਫ਼ਤਰ 'ਚ ਹੋ, ਤਾਂ ਉੱਥੇ ਹੀ ਰਹੋ ਅਤੇ ਦਰਵਾਜਾ ਬੰਦ ਕਰ ਲਵੋ
- ਜੇਕਰ ਤੁਸੀਂ ਹਾਲਵੇ 'ਚ ਹੋ, ਤਾਂ ਕਿਸੇ ਕਮਰੇ 'ਚ ਜਾਓ ਅਤੇ ਦਰਵਾਜਾ ਬੰਦ ਕਰ ਲਵੋ
- ਅਖੀਰਲੇ ਕਦਮ ਦੇ ਤੌਰ 'ਤੇ, ਸਕਿਰ੍ਆ ਬੰਦੂਕਧਾਰੀ ਨੂੰ ਕਾਬੂ ਕਰਨ ਦੀ ਕੋਸਿਸ ਕਰੋ। ਜਦੋਂ ਬੰਦੂਕਧਾਰੀ ਨੇੜੇ ਹੋਵੇ ਅਤੇ ਤੁਸੀਂ ਉੱਥੋਂ ਨਾ ਨੱਸ ਸਕੋ, ਜੇਕਰ ਤੁਸੀਂ ਉਸਨੂੰ ਨਕਾਰਾ ਕਰਨ ਦੀ ਕੋਸਿਸ ਕਰੋਗੇ ਤਾਂ ਤੁਹਾਡੇ ਬਚਾਅ ਦੀ ਸੰਭਾਵਨਾ ਕਾਫ਼ੀ ਜਿਆਦਾ ਹੋਵੇਗੀ।

911 'ਤੇ ਕਾਲ ਕਰੋ
ਜਦੋਂ ਇੰਝ ਕਰਨਾ ਸੁਰੱਖਿਅਤ ਹੋਵੇ!

ਕੋਈ ਸਕਿਰ੍ਆ ਬੰਦੂਕਧਾਰੀ ਤੁਹਾਡੇ ਨੇੜੇ ਹੋਣ 'ਤੇ ਪਰ੍ਤੀਕਿਰਿਆ ਕਰਨ ਦਾ ਤਰੀਕਾ

ਛੇਤੀ ਆਪਣੀ ਜਿੰਦਗੀ ਨੂੰ ਬਚਾਉਣ ਦਾ ਸਭ ਤੋਂ ਵਾਜਬ ਦਾ ਤਰੀਕਾ ਲੱਭੋ। ਇਹ ਯਾਦ ਰੱਖੋ ਕਿ ਕਿਸੇ ਸਕਿਰ੍ਆ ਬੰਦੂਕਧਾਰੀ ਵਾਲੀ ਸਥਿਤੀ ਦੇ ਦੌਰਾਨ ਗਾਹਕਾਂ ਅਤੇ ਕਲਾਇੰਟਾਂ ਵੱਲੋਂ ਮੁਲਾਜਮਾਂ ਅਤੇ ਪਰ੍ਬੰਧਕਾਂ ਦੇ ਪਿੱਛੇ ਆਉਣ ਦੀ ਸੰਭਾਵਨਾ ਹੁੰਦੀ ਹੈ।

1. ਨੱਸੋ

ਜੇਕਰ ਕੋਈ ਭੱਜਣ ਦਾ ਕੋਈ ਪਹੁੰਚਯੋਗ ਰਸਤਾ ਹੈ, ਤਾਂ ਪਰਿਸਰ ਤੋਂ ਬਾਹਰ ਨਿਕਲਣ ਦੀ ਕੋਸਿਸ ਕਰੋ। ਇਹ ਯਕੀਨੀ ਬਣਾਓ:

- ਭੱਜਣ ਦਾ ਰਸਤਾ ਅਤੇ ਯੋਜਨਾ ਧਿਆਨ 'ਚ ਰੱਖੋ
- ਇਸ 'ਤੇ ਧਿਆਨ ਦਿੱਤੇ ਬਿਨਾਂ ਬਾਹਰ ਨਿਕਲੋ ਕਿ ਦੂਜੇ ਲੋਕ ਪਿੱਛੇ ਆਉਣ ਲਈ ਸਹਿਮਤ ਹਨ ਜਾਂ ਨਹੀਂ
- ਆਪਣਾ ਸਮਾਨ ਪਿੱਛੇ ਛੱਡ ਦਿਓ
- ਜੇਕਰ ਮੁਮਕਿਨ ਹੋਵੇ, ਤਾਂ ਬਾਹਰ ਨਿਕਲਣ 'ਚ ਦੂਜਿਆਂ ਦੀ ਮਦਦ ਕਰੋ
- ਲੋਕਾਂ ਨੂੰ ਅਜਿਹੇ ਖੇਤਰ 'ਚ ਦਾਖਲ ਹੋਣ ਤੋਂ ਰੋਕੋ ਜਿੱਥੇ ਸਕਿਰ੍ਆ ਬੰਦੂਕਧਾਰੀ ਮੌਜੂਦ ਹੋ ਸਕਦਾ ਹੈ
- ਆਪਣੇ ਹੱਥ ਦਿਸਦੇ ਰੱਖੋ
- ਕਿਸੇ ਵੀ ਪੁਲਸ ਅਫ਼ਸਰਾਂ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ
- ਜਖਮੀ ਲੋਕਾਂ ਨੂੰ ਲਿਜਾਉਣ ਦੀ ਕੋਸਿਸ ਨਾ ਕਰੋ
- ਜਦੋਂ ਤੁਸੀਂ ਸੁਰੱਖਿਅਤ ਹੋਵੋ ਉਦੋਂ 911 'ਤੇ ਕਾਲ ਕਰੋ

2. ਲੁੱਕੋ

ਜੇਕਰ ਬਾਹਰ ਨਿਕਲਣਾ ਮੁਮਕਿਨ ਨਾ ਹੋਵੇ, ਤਾਂ ਲੁੱਕਣ ਲਈ ਅਜਿਹੀ ਥਾਂ ਲੱਭੋ ਜਿੱਥੇ ਸਕਿਰ੍ਆ ਬੰਦੂਕਧਾਰੀ ਦੁਆਰਾ ਤੁਹਾਨੂੰ ਲੱਭਣ ਦੀ ਸੰਭਾਵਨਾ ਘੱਟ ਹੋਵੇ।

ਤੁਹਾਡੇ ਲੁੱਕਣ ਦੀ ਥਾਂ:

- ਸਕਿਰ੍ਆ ਬੰਦੂਕਧਾਰੀ ਦੀ ਨਜਰ ਤੋਂ ਪਰੇ ਹੋਣੀ ਚਾਹੀਦੀ ਹੈ
- ਤੁਹਾਡੀ ਦਿਸ਼ਾ 'ਚ ਗੋਲੀਆਂ ਚਲਾਏ ਜਾਣ 'ਤੇ ਉਹ ਤੁਹਾਡੇ ਲਈ ਸੁਰੱਖਿਅਤ ਹੋਣੀ ਚਾਹੀਦੀ ਹੈ (ਜਿਵੇਂ, ਤਾਲਾਬੰਦ ਦਰਵਾਜੇ ਵਾਲਾ ਦਫਤਰ)
- ਤੁਹਾਨੂੰ ਫਸਾਉਣ ਜਾਂ ਤੁਹਾਡੇ ਨਿਕਲਣ ਦੇ ਵਿਕਲਪਾਂ ਨੂੰ ਸੀਮਿਤ ਕਰਨ ਵਾਲੀ ਨਹੀਂ ਹੋਣੀ ਚਾਹੀਦੀ

ਕਿਸੇ ਸਕਿਰ੍ਆ ਬੰਦੂਕਧਾਰੀ ਨੂੰ ਤੁਹਾਡੇ ਲੁੱਕਣ ਦੀ ਥਾਂ 'ਚ ਦਾਖਲ ਹੋਣ ਤੋਂ ਰੋਕਣ ਲਈ:

- ਦਰਵਾਜੇ 'ਤੇ ਤਾਲਾ ਲਗਾਓ
- ਭਾਰੀ ਫਰਨੀਚਰ ਨਾਲ ਦਰਵਾਜੇ 'ਤੇ ਰੁਕਾਵਟ ਪੈਦਾ ਕਰੋ

ਜੇਕਰ ਸਕਿਰ੍ਆ ਬੰਦੂਕਧਾਰੀ ਨੇੜੇ ਹੈ ਤਾਂ:

- ਦਰਵਾਜੇ 'ਤੇ ਤਾਲਾ ਲਗਾਓ
- ਆਪਣੇ ਸੈੱਲਫੋਨ ਅਤੇ/ਜਾਂ ਪੇਜਰ ਨੂੰ ਮੌਨ ਕਰੋ
- ਆਵਾਜ ਦੇ ਕਿਸੇ ਵੀ ਸਰੋਤ (ਜਿਵੇਂ, ਰੇਡੀਓ, ਟੈਲੀਵਿਜਨ) ਨੂੰ ਬੰਦ ਕਰ ਦਿਓ
- ਵੱਡੀਆਂ ਚੀਜਾਂ (ਜਿਵੇਂ, ਕੈਬਨਿਟ, ਡੈਸਕ) ਦੇ ਪਿੱਛੇ ਲੁੱਕੋ
- ਖਮੋਸ ਰਹ

ਜੇਕਰ ਬਾਹਰ ਨਿਕਲਣਾ ਅਤੇ ਲੁੱਕਣਾ ਮੁਮਕਿਨ ਨਾ ਹੋਣ ਤਾਂ:

- ਸਾਂਤ ਰਹ
- ਜੇਕਰ ਮੁਮਕਿਨ ਹੋਵੇ, ਤਾਂ ਸਕਿਰ੍ਆ ਬੰਦੂਕਧਾਰੀ ਦੀ ਥਾਂ ਬਾਰੇ ਪੁਲਸ ਨੂੰ ਖਬਰਦਾਰ ਕਰਨ ਲਈ 911 ਡਾਇਲ ਕਰੋ
- ਜੇਕਰ ਤੁਸੀ ਬੋਲ ਨਹੀ ਸਕਦੇ, ਤਾਂ ਲਾਈਨ ਨੂੰ ਚਾਲੂ ਰੱਖੋ ਅਤੇ ਡਿਸਪੈਚਰ ਨੂੰ ਸੁਣਨ ਦਿਓ

3. ਮੁਕਾਬਲਾ ਕਰੋ

ਅਖੀਰਲੇ ਕਦਮ ਦੇ ਤੌਰ 'ਤੇ, ਅਤੇ ਸਿਰਫ ਉਦੋਂ ਜਦੋਂ ਤੁਹਾਡੀ ਜਿੰਦਗੀ ਨੂੰ ਬਹੁਤ ਜਿਆਦਾ ਖਤਰਾ ਹੋਵੇ, ਇਨਹ੍ਾਂ ਕੰਮਾਂ ਰਾਹੀ ਸਕਿਰ੍ਆ ਬੰਦੂਕਧਾਰੀ ਦੀ ਰਾਹ 'ਚ ਵਿਘਨ ਪਾਉਣ ਅਤੇ'ਜਾਂ ਉਸਨੂੰ ਨਕਾਰਾ ਕਰਨ ਦੀ ਕੋਸਿਸ ਕਰੋ:

- ਉਸਦੇ ਖਿਲਾਫ ਵੱਧ ਤੋਂ ਵੱਧ ਆਕਰ੍ਾਮਕ ਢੰਗ ਨਾਲ ਕਾਰਵਾਈ ਕਰਨਾ
- ਚੀਜਾਂ ਅਤੇ ਫੌਰੀ ਹਥਿਆਰ ਸੁੱਟਣਾ
- ਸੋਰ ਮਚਾਉਣਾ
- ਆਪਣੀ ਕਾਰਵਾਈ ਨੂੰ ਮਜਬੂਤ ਬਣਾਉਣਾ

ਕਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਮੌਕੇ 'ਤੇ ਪਹੁੰਚਣ 'ਤੇ ਪਰ੍ਤੀਕਿਰਿਆ ਕਰਨ ਦਾ ਤਰੀਕਾ

ਕਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦਾ ਮਕਸਦ ਸਕਿਰ੍ਆ ਬੰਦੂਕਧਾਰੀ ਨੂੰ ਛੇਤੀ ਤੋਂ ਛੇਤੀ ਰੋਕਣਾ ਹੁੰਦਾ ਹੈ। ਅਫਸਰ ਸਿੱਧਾ ਉਸ ਖੇਤਰ ਵੱਲ ਜਾਣਗੇ ਜਿੱਥੋਂ ਅਖੀਰਲੀ ਵਾਰੀ ਗੋਲੀ ਚਲਣ ਦੀ ਆਵਾਜ ਸੁਣੀ ਗਈ ਸੀ।

- ਆਮ ਤੌਰ 'ਤੇ ਅਫਸਰ ਚਾਰ (4) ਦੀਆਂ ਟੀਮਾਂ 'ਚ ਪਹੁੰਚਦੇ ਹਨ
- ਅਫਸਰ ਨੇਮੀ ਗਸਤ ਵਰਦੀਆਂ ਜਾਂ ਬਾਹਰਲੀਆਂ ਬੁਲਟਪਰੂਫ ਵੇਸਟਸ, ਕੇਵਲਰ ਹੈਲਮਟਾਂ, ਅਤੇ ਦਾਅ-ਪੇਚ ਦਾ ਹੋਰ ਸਾਜੋ-ਸਮਾਨ ਪਹਿਨ ਸਕਦੇ ਹਨ
- ਅਫਸਰ ਰਾਈਫਲਾਂ, ਸਾਟਗਨਸ, ਹੈਂਡਗਨਸ ਨਾਲ ਲੈਸ ਹੋ ਸਕਦੇ ਹਨ
- ਅਫਸਰ ਹਾਲਾਤ 'ਤੇ ਕਾਬੂ ਪਾਉਣ ਲਈ ਮਿਰਚ ਦੇ ਸਪਰੇਅ ਜਾਂ ਅੱਥਰੂ ਗੈਸ ਦੀ ਵਰਤੋਂ ਕਰ ਸਕਦੇ ਹਨ
- ਅਫਸਰ ਉੱਚੀ ਆਵਾਜ 'ਚ ਹੁਕਮ ਦੇ ਸਕਦੇ ਹਨ, ਅਤੇ ਲੋਕਾਂ ਦੀ ਸੁਰੱਖਿਆ ਲਈ ਉਨਹ੍ਾਂਨੂੰ ਜਮੀਨ 'ਤੇ ਧਕੇਲ ਸਕਦੇ ਹਨ

ਕਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਮੌਕੇ 'ਤੇ ਪਹੁੰਚਣ 'ਤੇ ਪਰ੍ਤੀਕਿਰਿਆ ਕਰਨ ਦਾ ਤਰੀਕਾ:

- ਸਾਂਤ ਰਹੋ, ਅਤੇ ਅਫਸਰਾਂ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ
- ਆਪਣੇ ਹੱਥਾਂ 'ਚ ਫੜੀਆਂ ਹੋਈਆਂ ਕੋਈ ਵੀ ਚੀਜਾਂ (ਜਿਵੇਂ, ਬੈਗਸ, ਜੈਕੇਟਸ) ਹੇਠਾਂ ਰੱਖ ਦਿਓ
- ਫੌਰਨ ਹੱਥ ਉੱਪਰ ਕਰੋ ਅਤੇ ਉਂਗਲਾਂ ਨੂੰ ਫੈਲਾਓ
- ਹਰ ਸਮੇਂ ਹੱਥ ਦਿਸਦੇ ਰੱਖੋ
- ਅਫਸਰਾਂ ਵੱਲ ਤੇਜੀ ਨਾਲ ਆਉਣ, ਜਿਵੇਂ ਸੁਰੱਖਿਆ ਲਈ ਉਨਹ੍ਾਂਨੂੰ ਫੜਨਾ, ਤੋਂ ਬਚੋ
- ਇਸਾਰਾ ਕਰਨ, ਚੀਕਣ ਅਤੇ/ਜਾਂ ਸੋਰ ਮਚਾਉਣ ਤੋਂ ਬਚੋ
- ਅਫਸਰਾਂ ਤੋਂ ਮਦਦ ਨਾ ਮੰਗੋ ਜਾਂ ਬਾਹਰ ਨਿਕਲਣ ਦੀ ਦਿਸਾ ਨਾ ਪੁੱਛੋ, ਬਸ ਉਸ ਦਿਸਾ 'ਚ ਅੱਗੇ ਵਧੋ ਜਿੱਥੋਂ ਅਫਸਰ ਪਰਿਸਰ 'ਚ ਦਾਖਲ ਹੋਏ ਸਨ

ਕਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਜਾਂ 911 ਓਪਰੇਟਰ ਨੂੰ ਮੁਹੱਈਆ ਕੀਤੀ ਜਾਣ ਵਾਲੀ ਜਾਣਕਾਰੀ:

- ਸਕਿਰ੍ਆ ਬੰਦੂਕਧਾਰੀ ਦੀ ਥਾਂ
- ਬੰਦੂਕਧਾਰੀਆਂ ਦੀ ਸੰਖਿਆ, ਜੇਕਰ ਇਕ ਤੋਂ ਵੱਧ ਹਨ
- ਬੰਦੂਕਧਾਰੀ(ਆਂ) ਦਾ ਸਰੀਰਕ ਬਿਓਰਾ
- ਬੰਦੂਕਧਾਰੀ(ਆਂ) ਕੋਲ ਮੌਜੂਦ ਹਥਿਆਰ
- ਥਾਂ 'ਤੇ ਸੰਭਾਵੀ ਤੌਰ 'ਤੇ ਪੀੜਿਤਾਂ ਦੀ ਸੰਖਿਆ

ਮੌਕੇ 'ਤੇ ਪਹੁੰਚਣ ਵਾਲੇ ਪਹਿਲੇ ਅਫਸਰ ਜਖਮੀ ਲੋਕਾਂ ਦੀ ਮਦਦ ਕਰਨ ਲਈ ਨਹੀਂ ਰੁਕਣਗੇ। ਸੁਰੂਆਤੀ ਅਫਸਰਾਂ ਤੋਂ ਬਾਅਦ ਅਤਿਰਿਕਤ ਅਫਸਰਾਂ ਅਤੇ ਐਮਰਜੈਂਸੀ ਮੈਡੀਕਲ ਕਰਮਚਾਰੀਆਂ ਸਮੇਤ ਬਚਾਅ ਟੀਮਾਂ ਦੇ ਆਉਣ ਦੀ ਉਮੀਦ ਕਰੋ। ਇਹ ਬਚਾਅ ਟੀਮਾਂ ਜਖਮੀ ਲੋਕਾਂ ਦਾ ਇਲਾਜ ਕਰਨਗੀਆਂ ਅਤੇ ਉਨਹ੍ਾਂਨੂੰ ਬਾਹਰ ਕੱਢਣਗੀਆਂ। ਉਹ ਸਮਰੱਥ ਵਿਅਕਤੀਆਂ ਨੂੰ ਜਖਮੀ ਲੋਕਾਂ ਨੂੰ ਪਰਿਸਰ ਤੋਂ ਬਾਹਰ ਕੱਢਣ 'ਚ ਮਦਦ ਕਰਨ ਲਈ ਵੀ ਕਹਿ ਸਕਦੇ ਹਨ।

ਕਿਸੇ ਸੁਰੱਖਿਅਤ ਥਾਂ ਜਾਂ ਅਸੈਂਬਲੀ ਪੁਆਇੰਟ 'ਤੇ ਪਹੁੰਚਣ ਤੋਂ ਬਾਅਦ, ਹਾਲਾਤ ਕਾਬੂ ਹੇਠ ਨਾ ਆਉਣ, ਅਤੇ ਸਾਰੇ ਗਵਾਹਾਂ ਦੀ ਪਛਾਣ ਅਤੇ ਉਨਹ੍ਾਂ ਤੋਂ ਪੁੱਛਗਿੱਛ ਨਾ ਹੋਣ ਤਕ ਕਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਤੁਹਾਨੂੰ ਉਸ ਖੇਤਰ 'ਚ ਰੋਕੇ ਜਾਣ ਦੀ ਸੰਭਾਵਨਾ ਹੋਵੇਗੀ। ਕਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਜਾਣ ਦੀ ਹਿਦਾਇਤ ਨਾ ਦਿੱਤੇ ਜਾਣ ਤਕ ਉੱਥੋਂ ਨਾ ਜਾਓ।

ਸਕਿਰ੍ਆ ਬੰਦੂਕਧਾਰੀ ਵਾਲੀ ਸਥਿਤੀ ਲਈ ਤੁਹਾਡੇ ਸਟਾਫ ਦੀ ਸਿਖਲਾਈ

ਕਿਸੇ ਸਕਿਰ੍ਆ ਬੰਦੂਕਧਾਰੀ ਵਾਲੀ ਸਥਿਤੀ ਲਈ ਤੁਹਾਡੇ ਸਟਾਫ ਨੂੰ ਬਿਹਤਰ ਢੰਗ ਨਾਲ ਤਿਆਰ ਕਰਨ ਲਈ, ਐਮਰਜੈਂਸੀ ਕਾਰਜ ਯੋਜਨਾ (EAP) ਬਣਾਓ, ਅਤੇ ਸਿਖਲਾਈ-ਸਬੰਧੀ ਅਭਿਆਸ ਕਰਾਓ। EAP ਅਤੇ ਸਿਖਲਾਈ-ਸਬੰਧੀ ਅਭਿਆਸ, ਦੋਵੇਂ, ਤੁਹਾਡੇ ਸਟਾਫ ਨੂੰ ਅਸਰਦਾਰ ਤਰੀਕੇ ਨਾਲ ਜਵਾਬ ਦੇਣ ਅਤੇ ਮੌਤਾਂ ਦੀ ਸੰਖਿਆ ਨੂੰ ਘਟਾਉਣ 'ਚ ਮਦਦ ਕਰਨ ਲਈ ਤਿਆਰ ਕਰਨਗੇ।

ਐਮਰਜੈਂਸੀ ਕਾਰਜ ਯੋਜਨਾ (EAP) ਦੇ ਭਾਗ

ਤੁਹਾਡੇ ਮਨੁੱਖੀ ਸਰੋਤ ਮਹਿਕਮੇ, ਤੁਹਾਡੇ ਸਿਖਲਾਈ ਮਹਿਕਮੇ (ਜੇਕਰ ਉਹ ਮੌਜੂਦ ਹੈ), ਪਰਿਸਰ ਦੇ ਮਾਲਕਾਂ/ਓਪਰੇਟਰਾਂ, ਤੁਹਾਡੇ ਸੰਪੱਤੀ ਪਰ੍ਬੰਧਕ, ਅਤੇ ਕਨੂੰਨ ਲਾਗੂ ਕਰਨ ਵਾਲੀਆਂ ਸਥਾਨਕ ਏਜੰਸੀਆਂ ਅਤੇ/ਜਾਂ ਐਮਰਜੈਂਸੀ ਰਿਸਪੌਂਡਰਸ ਸਮੇਤ ਕਈ ਹਿਤਧਾਰਕਾਂ ਤੋਂ ਇਨਪੁੱਟ ਨਾਲ EAP ਬਣਾਓ। ਇਕ ਅਸਰਦਾਰ EAP 'ਚ ਇਹ ਸਾਮਲ ਹੁੰਦੇ ਹਨ:

- ਅੱਗ ਲੱਗਣ ਅਤੇ ਦੂਜੀਆਂ ਐਮਰਜੈਂਸੀਆਂ ਦੀ ਜਾਣਕਾਰੀ ਦੇਣ ਲਈ ਪਸੰਦੀਦਾ ਵਿਧੀ
- ਬਾਹਰ ਨਿਕਲਣ ਦੀ ਨੀਤੀ ਅਤੇ ਕਾਰਜਵਿਧੀ
- ਭੱਜਣ ਲਈ ਐਮਰਜੈਂਸੀ ਕਾਰਜਵਿਧੀਆਂ ਅਤੇ ਮਾਰਗ ਨਿਰਧਾਰਣ (ਜਿਵੇਂ, ਫਲੋਰ ਪਲੈਨਸ, ਸੁਰੱਖਿਅਤ ਖੇਤਰ)
- EAP ਹੇਠ ਸੰਪਰਕ ਕੀਤੇ ਜਾਣ ਵਾਲੇ ਵਿਅਕਤੀਆਂ ਦੀ ਸੰਪਰਕ ਜਾਣਕਾਰੀ, ਅਤੇ ਜਿੰਮੇਵਾਰੀਆਂ
- ਸਥਾਨਕ ਖੇਤਰ ਦੇ ਹਸਪਤਾਲਾਂ ਬਾਰੇ ਜਾਣਕਾਰੀ (ਜਿਵੇਂ, ਨਾਂ, ਟੈਲੀਫੋਨ ਨੰਬਰ, ਅਤੇ ਤੁਹਾਡੀ ਥਾਂ ਤੋਂ ਦੂਰੀ)
- ਐਮਰਜੈਂਸੀ ਦੇ ਵੱਖੋ-ਵੱਖ ਪੱਖਾਂ ਨੂੰ ਸਚੇਤ ਕਰਨ ਲਈ ਐਮਰਜੈਂਸੀ ਸੂਚਨਾ ਸਿਸਟਮ, ਜਿਨਹ੍ਾਂ 'ਚ ਸਾਮਲ ਹਨ:
    - ਪਰਿਸਰ ਦੇ ਅੰਦਰ ਦੂਰ ਦੀਆਂ ਥਾਂਵਾਂ
    - ਕਨੂੰਨ ਲਾਗੂ ਕਰਨ ਵਾਲੀ ਸਥਾਨਕ ਏਜੰਸੀ
    - ਸਥਾਨਕ ਖੇਤਰ ਦੇ ਹਸਪਤਾਲ

ਸਿਖਲਾਈ-ਸਬੰਧੀ ਅਭਿਆਸ ਦੇ ਭਾਗ

ਸਕਿਰ੍ਆ ਬੰਦੂਕਧਾਰੀ ਵਾਲੀ ਸਥਿਤੀ 'ਚ ਪਰ੍ਤੀਕਿਰਿਆ ਕਰਨ ਲਈ ਤੁਹਾਡੇ ਸਟਾਫ ਦੀ ਸਿਖਲਾਈ ਦਾ ਸਭ ਤੋਂ ਅਸਰਦਾਰ ਤਰੀਕਾ ਸਕਿਰ੍ਆ ਬੰਦੂਕਧਾਰੀ ਸਿਖਲਾਈ-ਸਬੰਧੀ ਬਣਾਉਟੀ ਅਭਿਆਸ ਕਰਨਾ ਹੈ। ਕਨੂੰਨ ਲਾਗੂ ਕਰਨ ਵਾਲੀਆਂ ਸਥਾਨਕ ਏਜੰਸੀਆਂ ਸਿਖਲਾਈ-ਸਬੰਧੀ ਅਭਿਆਸਾਂ ਨੂੰ ਤਿਆਰ ਕਰਨ 'ਚ ਬਿਹਤਰੀਨ ਵਸੀਲਾ ਹਨ।

- ਗੋਲੀ ਚੱਲਣ ਦੀ ਆਵਾਜ ਨੂੰ ਪਛਾਣਨਾ
- ਗੋਲੀ ਚੱਲਣ ਦੀ ਆਵਾਜ ਸੁਣਾਈ ਦੇਣ ਅਤੇ/ਜਾਂ ਗੋਲੀਬਾਰੀ ਵੇਖੇ ਜਾਣ 'ਤੇ ਤੇਜੀ ਨਾਲ ਪਰ੍ਤੀਕਿਰਿਆ ਕਰਨਾ:
    - ਨੱਸੋ
    - ਲੁੱਕੋ
    - ਅਖੀਰਲੇ ਕਦਮ ਦੇ ਤੌਰ 'ਤੇ ਬੰਦੂਕਧਾਰੀ ਨਾਲ ਮੁਕਾਬਲਾ ਕਰੋ
- 911 'ਤੇ ਕਾਲ ਕਰਨਾ
- ਕਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਮੌਕੇ 'ਤੇ ਪਹੁੰਚਣ 'ਤੇ ਪਰ੍ਤੀਕਿਰਿਆ ਕਰਨਾ
- ਸੰਕਟ ਦੇ ਸਮੇਂ ਦੇ ਦੌਰਾਨ ਬਚਾਅ ਦੀ ਮਾਨਸਿਕਤਾ ਨੂੰ ਅਪਣਾਉਣਾ

ਸਕਿਰ੍ਆ ਬੰਦੂਕਧਾਰੀ ਵਾਲੀ ਸਥਿਤੀ ਲਈ ਤਿਆਰ ਹੋਣ ਅਤੇ ਉਸਤੋਂ ਬਚਣ ਲਈ ਵਾਧੂ ਤਰੀਕੇ

- ਤਿਆਰੀ
  - ਇਹ ਯਕੀਨੀ ਬਣਾਉਣਾ ਕਿ ਤੁਹਾਡੇ ਪਰਿਸਰ 'ਚ ਬਾਹਰ ਨਿਕਲਣ ਦੇ ਘੱਟੋ-ਘੱਟ ਦੋ ਰਸਤੇ ਹਨ
  - ਆਪਣੇ ਪੂਰੇ ਪਰਿਸਰ 'ਚ ਖਾਸ ਥਾਂਵਾਂ 'ਤੇ ਬਾਹਰ ਨਿਕਲਣ ਦੇ ਰਸਤੇ ਪੋਸਟ ਕਰੋ
  - ਸਿਖਲਾਈ-ਸਬੰਧੀ ਅਭਿਆਸਾਂ 'ਚ ਕਨੂੰਨ ਲਾਗੂ ਕਰਨ ਵਾਲੀਆਂ ਸਥਾਨਕ ਏਜੰਸੀਆਂ ਅਤੇ ਪਹਿਲੇ ਰਿਸਪੌਂਡਰਸ ਨੂੰ ਸਾਮਲ ਕਰੋ
  - ਕਨੂੰਨ ਲਾਗੂ ਕਰਨ ਵਾਲੀਆਂ ਸਥਾਨਕ ਏਜੰਸੀਆਂ, ਐਮਰਜੈਂਸੀ ਰਿਸਪੌਂਡਰਸ, SWAT ਟੀਮਾਂ, K-9 ਟੀਮਾਂ, ਅਤੇ ਬੰਬ ਨਿਰੋਧੀ ਦਸਤਿਆਂ ਨੂੰ ਤੁਹਾਡੀ ਥਾਂ 'ਤੇ ਕਿਸੇ ਸਕਿਰ੍ਆ ਬੰਦੂਕਧਾਰੀ ਵਾਲੀ ਸਥਿਤੀ ਲਈ ਸਿਖਲਾਈ ਦੇਣ ਲਈ ਉਤਸਾਹਿਤ ਕਰੋ

- ਰੋਕਥਾਮ
  - ਸਨਮਾਨ ਪੂਰਨ ਕੰਮ ਦੀ ਥਾਂ ਨੂੰ ਉਤਸਾਹਿਤ ਕਰੋ
  - ਕੰਮ ਦੀ ਥਾਂ 'ਤੇ ਹਿੰਸਾ ਦੇ ਸੰਕੇਤਾਂ ਬਾਰੇ ਸਚੇਤ ਰਹੋ ਅਤੇ ਉਨਹ੍ਾਂ ਦੇ ਮੁਤਾਬਕ ਸੁਧਾਰਾਤਮਕ ਕਾਰਵਾਈ ਕਰੋ

EAP ਬਣਾਉਣ ਬਾਰੇ ਵਧੇਰੀ ਜਾਣਕਾਰੀ ਲਈ ਯੂ.ਐੱਸ. ਡਿਪਾਰਟਮੈਂਟ ਆੱਫ ਲੇਬਰ, ਆਕਿਉਪੇਸਨਲ ਹੈੱਲਥ ਐਂਡ ਸੇਫਟੀ ਐੱਡਮਿਨਿਸਟਰੇਸ਼ਨ, www.osha.gov, ਨੂੰ ਸੰਪਰਕ ਕਰੋ।

ਸਕਿਰਆ ਬੰਦੂਕਧਾਰੀ ਵਾਲੀ ਸਥਿਤੀ ਲਈ ਤਿਆਰ ਹੋਣਾ ਅਤੇ ਉਸਦਾ ਪਰਬੰਧਨ ਕਰਨਾ

ਤੁਹਾਡਾ ਮਨੁੱਖੀ ਸਰੋਤ ਮਹਿਕਮੇ ਅਤੇ ਪਰਿਸਰ ਪਰਬੰਧਕਾਂ ਨੂੰ, ਸਕਿਰਆ ਬੰਦੂਕਧਾਰੀ ਵਾਲੀ ਸਥਿਤੀ ਸਮੇਤ, ਐਮਰਜੈਂਸੀ ਹਾਲਾਤ ਬਾਰੇ ਯੋਜਨਾ ਬਨਾਉਣ 'ਚ ਹਿੱਸਾ ਲੈਣਾ ਚਾਹੀਦਾ ਹੈ। ਐਮਰਜੈਂਸੀ ਹਾਲਾਤ ਬਾਰੇ ਯੋਜਨਾ ਬਨਾਉਣ ਲਈ ਹੇਠਾਂ ਵਰਣਨ ਕੀਤੀਆਂ ਗਈਆਂ ਵਿਧੀਆਂ ਨੂੰ ਸਥਾਪਤ ਕਰ ਕੇ ਕੋਈ ਘਟਨਾ ਹੋਣ ਦੀ ਸੰਭਾਵਨਾ ਨੂੰ ਘਟਾਉਣ 'ਚ ਮਦਦ ਕਰਨਾ ਹੈ।

ਮਨੁੱਖੀ ਸਰੋਤ ਦੀਆਂ ਜ਼ਿੰਮੇਵਾਰੀਆਂ

- ਅਸਰਦਾਰ ਮੁਲਾਜਮ ਸਕਰੀਨਿੰਗ ਅਤੇ ਪਿੱਠਭੂਮੀ ਦੀਆਂ ਜਾਂਚਾਂ ਕਰੋ
- ਸੰਭਾਵੀ ਤੌਰ 'ਤੇ ਹਿੰਸਕ ਵਰਤਾਉ ਦੇ ਸੰਕੇਤਾਂ ਦੀ ਜਾਣਕਾਰੀ ਦੇਣ ਲਈ ਸਿਸਟਮ ਬਣਾਓ
- ਮੁਲਾਜਮਾਂ ਲਈ ਸਲਾਹ-ਮਸਵਰਾ ਸੇਵਾਵਾਂ ਉਪਲਬਧ ਕਰਾਓ
- ਇਕ ਅਜਿਹਾ EAP ਵਿਕਸਿਤ ਕਰਨਾ ਜਿਸ 'ਚ ਸਕਿਰਆ ਬੰਦੂਕਧਾਰੀ ਵਾਲੀ ਸਥਿਤੀ ਨਾਲ ਨਜਿੱਠਣ ਲਈ ਨੀਤੀਆਂ ਅਤੇ ਕਾਰਜਵਿਧੀਆਂ, ਅਤੇ ਕਾਰਵਾਈ ਬਾਰੇ ਯੋਜਨਾ ਬਣਾਉਣਾ ਸਾਮਲ ਹਨ

ਪਰਿਸਰ ਪਰਬੰਧਕ ਦੀਆਂ ਜ਼ਿੰਮੇਵਾਰੀਆਂ

- ਸੰਸਥਾਨ ਪਹੁੰਚ ਨਿਯੰਤਰਣ (ਜਿਵੇਂ, ਚਾਬੀਆਂ, ਸੁਰੱਖਿਆ ਸਿਸਟਮ ਕੋਡਸ)
- ਢੁਕਵੇਂ ਪਰਬੰਧਕਾਂ/ਮੁਲਾਜਮਾਂ ਨੂੰ ਮਹੱਤਵਪੂਰਨ ਚੀਜਾਂ ਵੰਡੋ, ਜਿਨਹਾਂ 'ਚ ਸਾਮਲ ਹਨ:
  - ਫਲੋਰ ਪਲੈਨਸ
  - ਚਾਬੀਆਂ
  - ਪਰਿਸਰ ਦੇ ਮੁਲਾਜਮਾਂ ਦੀਆਂ ਸੂਚੀਆਂ ਅਤੇ ਟੈਲੀਫੋਨ ਨੰਬਰ
- ਥਾਂ ਦੀ ਭੌਤਿਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪਰਿਸਰ ਦੇ ਸੁਰੱਖਿਆ ਮਹਿਕਮੇ ਨਾਲ ਤਾਲਮੇਲ ਕਰਨਾ
- ਸੰਕਟ ਕਿੱਟਸ ਨੂੰ ਅਸੈਂਬਲ ਕਰਨਾ, ਜਿਨਹਾਂ 'ਚ ਇਹ ਮੌਜੂਦ ਹੋਣ:
  - ਰੇਡੀਓ
  - ਫਲੋਰ ਪਲੈਨਸ
  - ਸਟਾਫ ਰੋਸਟਰ, ਅਤੇ ਸਟਾਫ ਐਮਰਜੈਂਸੀ ਸੰਪਰਕ ਨੰਬਰ
  - ਫਸਟ-ਏਡ ਕਿੱਟ
  - ਫਲੈਸਲਾਈਟਾਂ
- ਐਮਰਜੈਂਸੀ ਰਿਸਪੌਂਡਰਸ ਲਈ ਪਰਵੇਸ ਅਤੇ ਨਿਕਾਸ ਦੇ ਨੇੜੇ ਹਟਾਉਣਯੋਗ ਫਲੋਰ ਪਲੈਨਸ ਰੱਖੋ
- ਐਮਰਜੈਂਸੀ ਸਥਿਤੀ ਪੇਸ ਆਉਣ 'ਤੇ ਐਮਰਜੈਂਸੀ ਸੂਚਨਾ ਸਿਸਟਮ ਨੂੰ ਚਾਲੂ ਕਰੋ

ਸਕਿਰਆ ਬੰਦੂਕਧਾਰੀ ਵਾਲੀ ਸਥਿਤੀ ਦੇ ਦੌਰਾਨ ਪਰਬੰਧਕ ਦੀਆਂ ਪਰਤੀਕਿਰਿਆਵਾਂ

ਕਿਸੇ ਐਮਰਜੈਂਸੀ ਸਥਿਤੀ ਦੇ ਦੌਰਾਨ ਮੁਲਾਜਮਾਂ ਅਤੇ ਗਾਹਕਾਂ ਵੱਲੋਂ ਪਰਬੰਧਕਾਂ ਦੇ ਪਿੱਛੇ ਆਉਣ ਦੀ ਸੰਭਾਵਨਾ ਹੁੰਦੀ ਹੈ। ਕਿਸੇ ਐਮਰਜੈਂਸੀ ਦੇ ਦੌਰਾਨ, ਪਰਬੰਧਕਾਂ ਨੂੰ ਉਨਹ੍ਹਾਂ ਦੇ EAP ਬਾਰੇ ਜਾਣੂ, ਅਤੇ ਇਨਹ੍ਹਾਂ ਲਈ ਤਿਆਰ ਹੋਣਾ ਚਾਹੀਦਾ ਹੈ:

- ਤੁਰੰਤ ਕਾਰਵਾਈ ਕਰਨਾ
- ਸਾਂਤ ਰਹਿਣਾ
- ਦਰਵਾਜਿਆਂ ਨੂੰ ਤਾਲੇ ਲਗਾਉਣਾ ਅਤੇ ਰੁਕਾਵਟ ਪੈਦਾ ਕਰਨਾ
- ਪਹਿਲਾਂ ਤੋਂ ਯੋਜਨਾਬੱਧ ਕੀਤੇ ਗਏ ਬਾਹਰ ਨਿਕਲਣ ਦੇ ਰਸਤੇ ਰਾਹੀਂ ਸਟਾਫ ਅਤੇ ਗਾਹਕਾਂ ਨੂੰ ਬਾਹਰ ਕੱਢੋ ਅਤੇ ਸੁਰੱਖਿਅਤ ਥਾਂ 'ਤੇ ਪਹੁੰਚਾਓ

ਖਾਸ ਜਰੂਰਤਾਂ ਅਤੇ/ਜਾਂ ਅਸਮਰੱਥਾਵਾਂ ਵਾਲੇ ਲੋਕਾਂ ਦੀ ਮਦਦ ਕਰਨਾ

- ਇਹ ਯਕੀਨੀ ਬਣਾਓ ਕਿ EAP, ਬਾਹਰ ਨਿਕਲਣ ਸਬੰਧੀ ਹਿਦਾਇਤਾਂ ਅਤੇ ਕੋਈ ਹੋਰ ਢੁਕਵੀਂ ਜਾਣਕਾਰੀ ਖਾਸ ਜਰੂਰਤਾਂ ਅਤੇ/ਜਾਂ ਅਸਮਰੱਥਾਵਾਂ ਵਾਲੇ ਲੋਕਾਂ ਦੀ ਮਦਦ ਕਰਦੀ ਹੈ
- ADA ਦੀਆਂ ਸਰਤਾਂ ਦੀ ਪਾਲਣਾ ਕਰਦੇ ਹੋਏ, ਤੁਹਾਡੀ ਇਮਾਰਤ ਵਿਕਲਾਂਗ ਵਿਅਕਤੀਆਂ ਲਈ ਪਹੁੰਚਣਯੋਗ ਹੋਣੀ ਚਾਹੀਦੀ ਹੈ।

ਕੰਮ ਦੀ ਥਾਂ 'ਤੇ ਸੰਭਾਵੀ ਹਿੰਸਾ ਨੂੰ ਪਛਾਣਨਾ

ਤੁਹਾਡੇ ਕੰਮ ਦੀ ਥਾਂ 'ਤੇ ਸਕਿਰ੍ਆ ਬੰਦੂਕਧਾਰੀ ਕੋਈ ਮੌਜੂਦਾ ਜਾਂ ਪਿਛਲਾ ਮੁਲਾਜਮ, ਜਾਂ ਕਿਸੇ ਮੌਜੂਦਾ ਜਾਂ ਪਿਛਲੇ ਮੁਲਾਜਮ ਦਾ ਵਾਕਫ਼ ਹੋ ਸਕਦਾ ਹੈ। ਅਨੁਭਵੀ ਪਰ੍ਬੰਧਕ ਅਤੇ ਸਹਿਕਰਮੀ ਕਿਸੇ ਮੁਲਾਜਮ 'ਚ ਸੰਭਾਵੀ ਤੌਰ 'ਤੇ ਹਿੰਸਕ ਵਰਤਾਉ ਦੇ ਲੱਛਣ ਵੇਖ ਸਕਦੇ ਹਨ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕੋਈ ਮੁਲਾਜਮ ਜਾਂ ਸਹਿਕਰਮੀ ਸੰਭਾਵੀ ਤੌਰ 'ਤੇ ਹਿੰਸਕ ਵਰਤਾਉ ਵਿਖਾਉਂਦਾ ਹੈ ਤਾਂ ਆਪਣੇ ਮਨੁੱਖੀ ਸਰੋਤ ਮਹਿਕਮੇ ਨੂੰ ਸਚੇਤ ਕਰੋ।

ਕਿਸੇ ਮੁਲਾਜਮ ਦੁਆਰਾ ਸੰਭਾਵੀ ਹਿੰਸਾ ਦੇ ਸੰਕੇਤ

ਆਮ ਤੌਰ 'ਤੇ ਮੁਲਾਜਮ ਸਿਰਫ਼ "ਗਰਜਦੇ" ਨਹੀਂ ਹਨ, ਬਲਕਿ ਸਮੇਂ ਦੇ ਨਾਲ ਸੰਭਾਵੀ ਤੌਰ 'ਤੇ ਹਿੰਸਕ ਵਰਤਾਉ ਦੇ ਸੰਕੇਤ ਵਿਖਾਉਂਦੇ ਹਨ। ਜੇਕਰ ਇਨਹ੍ਾਂ ਵਰਤਾਵਾਂ ਨੂੰ ਪਛਾਣਿਆ ਜਾਂਦਾ ਹੈ, ਤਾਂ ਅਕਸਰ ਇਨਹ੍ਾਂਨੂੰ ਪਰ੍ਬੰਧਿਤ ਅਤੇ ਠੀਕ ਕੀਤਾ ਜਾ ਸਕਦਾ ਹੈ। ਕਿਸੇ ਮੁਲਾਜਮ ਵੱਲੋਂ ਸੰਭਾਵੀ ਤੌਰ 'ਤੇ ਹਿੰਸਕ ਵਰਤਾਵਾਂ 'ਚ ਇਨਹ੍ਾਂ 'ਚੋਂ ਇਕ ਜਾਂ ਵੱਧ ਸਾਮਲ ਹੋ ਸਕਦੇ ਹਨ (ਵਰਤਾਵਾਂ ਦੀ ਇਹ ਸੂਚੀ ਵਿਆਪਕ ਨਹੀਂ ਹੈ, ਨਾ ਹੀ ਇਹ ਹਿੰਸਕ ਰੁਝਾਨਾਂ ਦੀ ਤਸ਼ਖੀਸ ਕਰਨ ਦੀ ਵਿਧੀ ਹੈ):

- ਸਰਾਬ ਅਤੇ/ਜਾਂ ਗੈਰ-ਕਨੂੰਨੀ ਨਸੀਲੇ ਪਦਾਰਥਾਂ ਦੀ ਵਰਤੋਂ 'ਚ ਵਾਧਾ
- ਗੈਰ-ਹਾਜਰੀ 'ਚ ਅਣਜਾਣ ਵਾਧਾ; ਅਸਪਸਟ ਸਰੀਰਕ ਸਿਕਾਇਤਾਂ
- ਦਿੱਖ ਅਤੇ ਸਾਫ-ਸਫਾਈ ਵੱਲ ਧਿਆਨ ਦੇਣ 'ਚ ਧਿਆਨਯੋਗ ਘਾਟ
- ਉਦਾਸੀ/ਵਾਪਸੀ
- ਨੀਤੀ ਅਤੇ ਕਾਰਜਵਿਧੀ 'ਚ ਬਦਲਾਵਾਂ ਦਾ ਵਿਰੋਧ ਅਤੇ ਵਾਧੂ ਪਰ੍ਤੀਕਿਰਿਆ
- ਕੰਪਨੀ ਦੀਆਂ ਨੀਤੀਆਂ ਦੀ ਵਾਰ-ਵਾਰ ਉਲੰਘਣਾ
- ਮਿਜਾਜਾਂ 'ਚ ਗੰਭੀਰ ਬਦਲਾਵਾਂ 'ਚ ਵਾਧਾ
- ਸਪਸਟ ਅਸਥਿਰ, ਜਜਬਾਤੀ ਪਰ੍ਤੀਕਿਰਿਆਵਾਂ
- ਉਕਸਾਉਣ ਤੋਂ ਬਿਨਾਂ ਵਿਸਫੋਟ ਵਾਂਗ ਗੁੱਸੇ ਜਾਂ ਜੋਸ ਦਾ ਭੜਕਨਾ
- ਆਤਮਘਾਤੀ; "ਸਭ ਕੁਝ ਠੀਕ ਕਰਨ" ਬਾਰੇ ਟਿੱਪਣੀ ਕਰਦਾ/ਕਰਦੀ ਹੈ
- ਵਰਤਾਉ ਜਿਸ 'ਚ ਭਰਮ ਦਾ ਸੱਕ ਹੁੰਦਾ ਹੈ, ("ਹਰ ਕੋਈ ਮੇਰੇ ਖਿਲਾਫ ਹੈ")
- ਘਰ ਦੀਆਂ ਸਮੱਸਿਆਵਾਂ ਬਾਰੇ ਬਹੁਤ ਜਿਆਦਾ ਗੱਲ ਕਰਦਾ/ਕਰਦੀ ਹੈ
- ਘਰੇਲੂ ਸਮੱਸਿਆਵਾਂ ਨੂੰ ਕੰਮ ਦੀ ਥਾਂ 'ਤੇ ਲਿਆਉਣਾ; ਗੰਭੀਰ ਵਿੱਤੀ ਸਮੱਸਿਆਵਾਂ ਬਾਰੇ ਗੱਲ ਕਰਨਾ
- ਹਿੰਸਾ ਦੀਆਂ ਪਿਛਲੀਆਂ ਘਟਨਾਵਾਂ ਬਾਰੇ ਗੱਲ ਕਰਨਾ
- ਹਿੰਸਾ ਕਰਨ ਵਾਲੇ ਲੋਕਾਂ ਨਾਲ ਹਮਦਰਦੀ
- ਗੋਲੀ ਚਲਾਉਣ ਵਾਲੇ ਹਥਿਆਰਾਂ, ਹੋਰ ਖਤਰਨਾਕ ਸਸਤਰਾਂ ਅਤੇ ਹਿੰਸਕ ਗੁਨਾਹਾਂ ਬਾਰੇ ਬੇਲੋੜੀਆਂ ਟਿੱਪਣੀਆਂ 'ਚ ਵਾਧਾ

ਸਕਿਰ੍ਆ ਬੰਦੂਕਧਾਰੀ ਵਾਲੀ ਸਥਿਤੀ ਦੇ ਨਤੀਜਿਆਂ ਦਾ ਪਰ੍ਬੰਧਨ ਕਰਨਾ

ਸਕਿਰ੍ਆ ਬੰਦੂਕਧਾਰੀ ਨੂੰ ਨਕਾਰਾ ਕਰਨ ਤੋਂ ਬਾਅਦ ਅਤੇ ਜਦੋਂ ਉਸਤੋਂ ਕੋਈ ਖਤਰਾ ਨਾ ਹੋਵੇ, ਮਨੁੱਖੀ ਸਰੋਤ ਅਤੇ/ਜਾਂ ਪਰ੍ਬੰਧਨ ਨੂੰ ਘਟਨਾ ਤੋਂ ਬਾਅਦ ਮੁਲਾਂਕਣਾਂ ਅਤੇ ਸਰਗਰਮੀਆਂ 'ਚ ਹਿੱਸਾ ਲੈਣਾ ਚਾਹੀਦਾ ਹੈ, ਜਿਨਹ੍ਾਂ 'ਚ ਸਾਮਲ ਹਨ:

- ਇਹ ਪਤਾ ਲਗਾਉਣ ਲਈ ਕਿਸੇ ਨਿਰਧਾਰਤ ਅਸੈਂਬਲੀ ਪੁਆਇੰਟ 'ਤੇ ਸਭ ਵਿਅਕਤੀਆਂ ਦੀ ਗਿਣਤੀ ਕਿ ਕੌਣ, ਜੇਕਰ ਕੋਈ ਹੈ, ਗਾਇਬ ਅਤੇ ਸੰਭਾਵੀ ਤੌਰ 'ਤੇ ਜਖਮੀ ਹੈ
- ਸਕਿਰ੍ਆ ਬੰਦੂਕਧਾਰੀ ਕਰਕੇ ਪਰ੍ਭਾਵਿਤ ਹੋਏ ਵਿਅਕਤੀਆਂ ਦੇ ਪਰਵਾਰਾਂ ਨੂੰ ਸੂਚਿਤ ਕਰਨ ਦਾ ਤਰੀਕਾ ਨਿਰਧਾਰਤ ਕਰਨਾ, ਜਿਸ 'ਚ ਮਾਰੇ ਗਏ ਵਿਅਕਤੀਆਂ ਬਾਰੇ ਸੂਚਨਾ ਸਾਮਲ ਹੈ
- ਮੌਕੇ 'ਤੇ ਮੌਜੂਦ ਵਿਅਕਤੀਆਂ ਦੀ ਮਨੋਵਿਗਿਆਨਕ ਸਥਿਤੀ ਦਾ ਮੁਲਾਂਕਣ ਕਰਨਾ, ਅਤੇ ਉਸਦੇ ਮੁਤਾਬਕ ਉਨਹ੍ਾਂਨੂੰ ਸਿਹਤ ਸੰਭਾਲ ਮਾਹਿਰਾਂ ਕੋਲ ਭੇਜਣਾ
- ਸਕਿਰ੍ਆ ਬੰਦੂਕਧਾਰੀ ਕਰਕੇ ਸੰਗਠਨ 'ਚ ਆਏ ਕਿਸੇ ਮਹੱਤਵਪੂਰਨ ਮੁਲਾਜਮ ਜਾਂ ਸੰਚਾਲਨ ਅੰਤਰ ਨੂੰ ਪਛਾਣਨਾ ਅਤੇ ਉਸਨੂੰ ਦੂਰ ਕਰਨਾ

ਸਿੱਖੇ ਗਏ ਸਬਕ

ਭਵਿੱਖੀ ਐਮਰਜੈਂਸੀਆਂ ਲਈ ਅਸਰਦਾਰ ਯੋਜਨਾ ਨੂੰ ਸੌਖਾ ਬਣਾਉਣ ਲਈ, ਇਹ ਹਾਲ ਹੀ ਦੀ ਸਕਿਰ੍ਆ ਬੰਦੂਕਧਾਰੀ ਵਾਲੀ ਸਥਿਤੀ ਦਾ ਵਿਸਲੇਸਣ ਕਰਨਾ ਅਤੇ ਇਕ ਕਾਰਜ ਰਿਪੋਰਟ ਬਣਾਉਣਾ ਮਹੱਤਵਪੂਰਨ ਹੈ। ਇਸ ਰਿਪੋਰਟ 'ਚ ਵਿਸਲੇਸਣ ਅਤੇ ਰਿਪੋਰਟਿੰਗ ਇਨਹ੍ਾਂ ਲਈ ਲਾਭਦਾਇਕ ਹੈ:

- ਪਰ੍ਤੀਕਿਰਿਆ ਦੀਆਂ ਸਰਗਰਮੀਆਂ ਲਈ ਦਸਤਾਵੇਜ ਦੇ ਤੌਰ 'ਤੇ ਕੰਮ ਕਰਨਾ
- ਉਸ ਘਟਨਾ ਦੇ ਦੌਰਾਨ ਹੋਈਆਂ ਕਾਮਯਾਬੀਆਂ ਅਤੇ ਨਾਕਾਮਯਾਬੀਆਂ ਨੂੰ ਪਛਾਣਨਾ
- ਮੌਜੂਦਾ EAP ਦੇ ਪਰ੍ਭਾਵ ਦਾ ਵਿਸਲੇਸਣ ਮੁਹੱਈਆ ਕਰਨਾ
- EAP 'ਚ ਸੁਧਾਰ ਕਰਨ ਲਈ ਯੋਜਨਾ ਦਾ ਵਰਣਨ ਅਤੇ ਉਸਨੂੰ ਪਰਿਭਾਸਿਤ ਕਰਨਾ

ਹਵਾਲੇ

Safety Guidelines for Armed Subjects, Active Shooter Situations, Indiana University Police Department, April 2007. (ਹਥਿਆਰਬੰਦ ਵਿਅਕਤੀਆਂ ਲਈ ਸੁਰੱਖਿਆ ਦਿਸਾ-ਨਿਰਦੇਸ, ਸਕਿਰ੍ਆ ਬੰਦੂਕਧਾਰੀ ਵਾਲੀਆਂ ਸਥਿਤੀਆਂ, ਇੰਡੀਆਨਾ ਯੂਨੀਵਰਸਿਟੀ ਪੁਲਸ ਮਹਿਕਮਾ, ਅਪਰੈਲ 2007।)

Safety Tips & Guidelines Regarding Potential "Active Shooter" Incidents Occurring on Campus, University of California Police. (ਪਰਿਸਰ ਵਿੱਚ ਹੋਣ ਵਾਲੀਆਂ ਸੰਭਾਵੀ "ਸਕਿਰ੍ਆ ਬੰਦੂਕਧਾਰੀ" ਘਟਨਾਵਾਂ ਨਾਲ ਸਬੰਧਤ ਸੁਰੱਖਿਆ ਸੁਝਾਅ ਅਤੇ ਦਿਸਾ-ਨਿਰਦੇਸ, ਯੂਨੀਵਰਸਿਟੀ ਆੱਫ ਕੈਲੀਫੋਰਨੀਆ ਪੁਲਸ।)

Shots Fired, When Lightning Strikes (DVD), Center for Personal Protection and Safety, 2007. (ਗੋਲੀਬਾਰੀ, ਵੇਨ ਲਾਈਟਨਿੰਗ ਸਟਰ੍ਾਇਕਸ (DVD), ਵਿਅਕਤੀਗਤ ਬਚਾਅ ਅਤੇ ਸੁਰੱਖਿਆ, 2007।)

Workplace Violence Desk Reference, Security Management Group International, www.SMGICorp.com (ਕਾਰਜ ਅਸਥਾਨ ਹਿੰਸਾ ਡੈਸਕ ਹਵਾਲਾ, ਸਿਕਯੂਰਟੀ ਮੈਨੇਜਮੈਂਟ ਗਰੁੱਪ ਇੰਟਰਨੈਸਨਲ, www.SMGICorp.com)

How to Plan for Workplace Emergencies and Evacuations, U.S. Department of Labor, Occupational Health and Safety Administration, OSHA 3088, 2001. (ਕਾਰਜ ਅਸਥਾਨ ਵਿੱਚ ਐਮਰਜੈਂਸੀਆਂ ਅਤੇ ਨਿਕਾਸ ਲਈ ਯੋਜਨਾ ਬਣਾਉਣ ਦਾ ਤਰੀਕਾ, ਯੂ.ਐੱਸ. ਡਿਪਾਰਟਮੈਂਟ ਆੱਫ ਲੇਬਰ, ਆਕਿਉਪੇਸਨਲ ਹੈੱਲਥ ਐਂਡ ਸੇਫਟੀ ਐੱਡਮਿਨਿਸਟਰ੍ੇਸਨ, OSHA 3088, 2001।)

ਯੂ.ਐੱਸ. ਡਿਪਾਰਟਮੈਂਟ ਆੱਫ ਹੋਮਲੈਂਡ ਸਿਕਯੂਰਟੀ

Washington, DC 20528

cfsteam@hq.dhs.gov

www.dhs.gov/active-shooter-preparedness